National Research Journal of Social Sciences
Volume-11, Issue-1, January-June 2026
PP: 177-182
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਬਚਿੱਤਰ ਨਾਟਕ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਉਲੇਖ: ਇੱਕ ਵਿਸ਼ਲੇਸ਼ਣਾਤਮਕ ਅਧਿਐਨ

**ਅੰਮ੍ਰਿਤ ਕੌਰ**
ਅਸਿਸਟੈਂਟ ਪ੍ਰੋਫੈਸਰ
ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ, ਕਪੂਰਥਲਾ

**ਸਾਰਾਂਸ਼:**

ਸਿੱਖ ਧਰਮ ਵਿੱਚ ਸ਼ਹਾਦਤ ਦਾ ਸੰਕਲਪ, ਇੱਕ ਵਿਸ਼ੇਸ਼ ਮਹੱਤਵ ਰੱਖਦਾ ਹੈ। ਦੋ ਸ਼ਹੀਦ ਗੁਰੂ ਸਾਹਿਬਾਨ, ਗੁਰੂ ਅਰਜਨ ਦੇਵ (ਸ਼ਹੀਦਾਂ ਦੇ ਸਿਰਤਾਜ) ਅਤੇ ਗੁਰੂ ਤੇਗ ਬਹਾਦਰ (ਹਿੰਦ ਦੀ ਚਾਦਰ) ਨੇ ਆਪਣੇ ਬਲਿਦਾਨ ਦੇ ਕੇ ਸਿੱਖ ਪੰਥ ਨੂੰ ਇਕ ਨਵੀਂ ਦਿਸ਼ਾ ਦਿੱਤੀ। ਉਹਨਾਂ ਦੀਆਂ ਸ਼ਹੀਦੀਆਂ ਤੋਂ ਬਾਅਦ, ਸਿੱਖ ਧਰਮ ਵਿੱਚ "ਸ਼ਹੀਦੀ" ਇੱਕ ਅਟੁੱਟ ਪ੍ਰੰਪਰਾ ਬਣ ਗਈ।1675 ਈਸਵੀ ਵਿੱਚ ਹੋਈ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਸਿਰਫ ਭਾਰਤ ਤੱਕ ਹੀ ਸੀਮਤ ਨਹੀਂ ਰਹੀ, ਸਗੋਂ ਇਹ ਵਿਸ਼ਵ ਭਰ ਵਿੱਚ ਧਾਰਮਿਕ ਅਜ਼ਾਦੀ, ਜਬਰ ਦਾ ਸਬਰ ਨਾਲ ਟਾਕਰਾ, ਮਨੁੱਖੀ ਅਧਿਕਾਰਾਂ ਅਤੇ ਮਜ਼ਲੂਮਾਂ ਦੀ ਸੁਰੱਖਿਆ ਦਾ ਪ੍ਰਤੀਕ ਬਣੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਵੱਖ ਵੱਖ ਇਤਿਹਾਸਕਾਰਾਂ ਨੇ ਆਪਣੇ ਆਪਣੇ ਵਿਚਾਰ ਦਰਜ ਕੀਤੇ ਹਨ। ਪਰ ਇਹ ਸਵਾਲ ਅਜੇ ਵੀ ਪ੍ਰਸੰਗਿਕ ਹੈ ਕਿ ਗੁਰੂ ਗੋਬਿੰਦ ਸਿੰਘ ਜੀ, ਆਪਣੇ ਗੁਰੂ ਪਿਤਾ ਦੇ ਸ਼ਹਾਦਤ ਪ੍ਰਤੀ ਕਿਵੇਂ ਮਹਿਸੂਸ ਕਰਦੇ ਸਨ? ਇਹੀ ਪ੍ਰਸ਼ਨ ਇਸ ਖੋਜ ਪਰਚੇ ਦਾ ਮੁੱਖ ਉਦੇਸ਼ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਸਵੈ ਜੀਵਨੀ "ਬਚਿੱਤਰ ਨਾਟਕ" ਵਿੱਚ ਚਿਤ੍ਰਿਤ ਗੁਰੂ ਤੇਗ ਬਹਾਦਰ ਅਤੇ ਉਹਨਾਂ ਦੀ ਸ਼ਹਾਦਤ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨਾ ਅਤੇ ਉਸ ਦੇ ਮੂਲ ਭਾਵ ਨੂੰ ਵਿਵਹਾਰਕ ਰੂਪ ਵਿੱਚ ਸਮਝਣ ਲਈ ਹੀ ਇਸ ਖੋਜ ਪੱਤਰ ਦੀ ਉਸਾਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

1

ਇਤਿਹਾਸਕ ਸ੍ਰੋਤ, ਇਤਿਹਾਸ ਦੀ ਬੁਨਿਆਦ ਹੁੰਦੇ ਹਨ। ਜੇਕਰ ਇਤਿਹਾਸਕਾਰ, ਮੁਢੱਲੇ ਅਤੇ ਗੌਣ ਸਰੋਤਾਂ ਦੀ ਸਮੀਖਿਆ ਕਰੇ ਤਾਂ ਬਹੁਤ ਸਾਰੇ ਨਵੇਂ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ।Marc Block ਆਪਣੀ ਲਿਖਤ *The Historian's Craft* ਵਿੱਚ ਲਿਖਦੇ ਹਨ ਕਿ ਇਤਿਹਾਸਕ ਤੱਥ, ਅਸਲ ਵਿੱਚ ਮਨੋਵਿਗਿਆਨਕ ਤੱਥ ਹੁੰਦੇ ਹਨ ਜੋ ਕਿ ਦੂਸਰੇ ਮਨੋਵਿਗਿਆਨਕ ਤੱਥਾਂ ਵਿੱਚ ਆਪਣਾ ਪਿਛੋਕੜ ਲੱਭ ਲੈਂਦੇ ਹਨ।[1] ਜੇਕਰ ਸਿੱਖ ਇਤਿਹਾਸ ਸੰਬੰਧੀ ਸੋਮਿਆਂ ਦੀ ਗੱਲ ਕੀਤੀ ਜਾਵੇ ਤਾਂ ਗਿਆਤ ਹੁੰਦਾ ਹੈ ਕਿ ਸਿੱਖ ਇਤਿਹਾਸ ਦਾ ਅਧਿਐਨ ਕਰਨ ਲਈ, 19ਵੀਂ ਸਦੀ ਤੋਂ ਪਹਿਲਾਂ ਦੇ ਸ੍ਰੋਤ ਬਹੁਤ ਸੀਮਤ ਸਨ। ਇਸ ਸੰਦਰਭ ਵਿੱਚ W.H.Mcleod ਦਾ ਵਿਚਾਰ ਹੈ ਕਿ ਪਹਿਲੇ ਪੰਜ ਸਿੱਖ ਗੁਰੂ ਸਾਹਿਬਾਨ ਅਤੇ ਨੌਵੇਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਬਾਰੇ ਜਾਣਨ ਲਈ *ਆਦਿ ਗ੍ਰੰਥ* ਹੈ ਜੋ ਕਿ ਅਤੁੱਲ ਹੈ। ਇਸ ਤੋਂ ਇਲਾਵਾ *ਜਨਮ ਸਾਖੀਆਂ* ਅਤੇ *ਭਾਈ ਗੁਰਦਾਸ ਦੀਆਂ ਵਾਰਾਂ* ਵੀ ਮਹੱਤਵਪੂਰਨ ਹਨ ਪਰ ਇਹਨਾਂ ਨੂੰ ਬੜੇ ਧਿਆਨਪੂਰਵਕ ਢੰਗ ਨਾਲ ਦੇਖਣ ਦੀ ਜ਼ਰੂਰਤ ਹੈ।[2] 18ਵੀਂ ਸਦੀ ਵਿੱਚ ਲਿਖੇ ਗਏ ਸ੍ਰੋਤਾਂ ਵਿੱਚ *ਦਸਮ ਗ੍ਰੰਥ*, *ਰਹਿਤਨਾਮੇ* ਅਤੇ *ਗੁਰਬਿਲਾਸ ਪਾਤਸ਼ਾਹੀ ਦਸਵੀਂ* ਤੋਂ ਮੁੱਖ ਤੌਰ ਤੇ ਗੁਰੂ ਗੋਬਿੰਦ ਸਿੰਘ ਅਤੇ ਖਾਲਸਾ ਪੰਥ ਦੀ ਸਿਰਜਨਾ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। 19ਵੀਂ ਅਤੇ ਖਾਸ ਤੌਰ ਤੇ 20ਵੀਂ ਸਦੀ ਵਿੱਚ ਸਿੱਖ ਇਤਿਹਾਸਕ ਸੋਮੇ, ਭਰਪੂਰ ਮਾਤਰਾ ਵਿੱਚ ਮਿਲਦੇ ਹਨ।[3] ਸਿੱਖ ਇਤਿਹਾਸਕ ਸੋਮਿਆਂ ਵਿੱਚੋਂ ਹੀ *ਬਚਿੱਤਰ ਨਾਟਕ* ਆਪਣੇ ਆਪ ਵਿੱਚ ਇਕ ਅਤਿ ਮਹੱਤਵਪੂਰਨ ਸ੍ਰੋਤ ਹੈ। ਇਸ ਨੂੰ ਕਈ ਵਾਰ *ਦਸਮ ਗ੍ਰੰਥ* ਲਈ ਵੀ ਪ੍ਰਯੋਗ ਕੀਤਾ ਜਾਂਦਾ ਸੀ, ਪਰ ਵਿਸ਼ੇਸ਼ ਤੌਰ ਤੇ ਇਹ ਲਿਖਤ ਗੁਰੂ ਗੋਬਿੰਦ ਸਿੰਘ ਦੀ ਆਪਣੀ ਕਾਵਿ ਰਚਨਾ ਹੈ। ਇਸ ਸਵੈ-ਜੀਵਨੀ ਸਰੂਪ ਲਿਖਤ ਵਿੱਚੋਂ ਗੁਰੂ ਸਾਹਿਬ ਦੇ ਪੂਰਬਲੇ ਜਨਮ ਦੀ ਧਿਆਨ ਸਾਧਨਾ ਅਤੇ ਜੀਵਨ ਦੀਆਂ ਮੁੱਢਲੀਆਂ ਲੜਾਈਆਂ ਬਾਰੇ ਜਾਣਕਾਰੀ ਮਿਲਦੀ ਹੈ। ਅੰਤਲੇ ਭਾਗ ਵਿੱਚ ਖਾਲਸਾ ਪੰਥ ਦੀ ਸਥਾਪਨਾ ਤੋਂ ਪਹਿਲੇ ਸਮਿਆਂ ਬਾਰੇ, ਸੰਭਵ ਹੈ ਕਿ 1699 ਤੋਂ ਪਹਿਲਾਂ ਦੇ ਹਾਲਾਤਾਂ ਦਾ ਜ਼ਿਕਰ ਕੀਤਾ ਗਿਆ ਹੈ।[4] ਦੌਲਤ ਰਾਏ ਦੇ ਸ਼ਬਦਾਂ ਵਿੱਚ ਬਚਿੱਤਰ ਨਾਟਕ , ਦਸਵੇਂ ਗੁਰੂ ਸਾਹਿਬ ਦੀ ਇਕ ਅਦਭੁਤ ਰਚਨਾ ਹੈ ਜਿਸ ਦੀ ਸ਼ਬਦਾਵਲੀ ਬੜੀ ਜ਼ਬਰਦਸਤ ਹੈ।ਇਸ ਵਿੱਚ ਗੁਰੂ ਸਾਹਿਬ ਦੇ ਪੂਰਬਲੇ ਤੋ ਬਾਅਦ ਦੇ ਜਨਮ, ਜੀਵਨ ਅਤੇ ਗਤੀਵਿਧੀਆਂ ਦਾ ਜ਼ਿਕਰ ਮਿਲਦਾ ਹੈ।[5] ਸੋ ਗੁਰੂ ਗੋਬਿੰਦ ਸਿੰਘ ਦੁਆਰਾ ਆਪਣੇ ਗੁਰੂ ਪਿਤਾ, ਗੁਰੂ ਤੇਗ ਬਹਾਦਰ ਬਾਰੇ *ਬਚਿੱਤਰ ਨਾਟਕ* ਵਿੱਚ ਜ਼ਿਕਰ ਕੀਤਾ ਜਾਣਾ ਸੁਭਾਵਿਕ ਹੈ। ਇਸ ਸੰਦਰਭ ਵਿੱਚ ਨੌਵੇਂ ਗੁਰੂ ਸਾਹਿਬ ਦੇ ਜੀਵਨ ਸੁਭਾਅ ਅਤੇ ਸ਼ਹਾਦਤ ਬਾਰੇ ਕੀਤੇ ਗਏ ਉਲੇਖ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ।

II

ਉਪਰੋਕਤ ਵਿਸ਼ੇ ਤੇ ਵਿਚਾਰ ਚਰਚਾ ਕਰਨ ਤੋਂ ਪਹਿਲਾ *ਬਚਿੱਤਰ ਨਾਟਕ* ਬਾਰੇ ਸੰਖੇਪ ਵਿੱਚ ਜਾਣਨਾ ਬਹੁਤ ਜ਼ਰੂਰੀ ਹੈ। ਸਿੱਖ ਧਰਮ ਵਿੱਚ ਸਾਹਿਤ ਦਾ ਇਕ ਆਪਣਾ ਇੱਕ ਅਣਮੁੱਲਾ ਸਥਾਨ ਹੈ । ਗੁਰੂ ਸਾਹਿਬਾਨ ਅਤੇ ਉਹਨਾਂ ਦੇ ਹਜ਼ੂਰੀਏ ਸਿੱਖਾਂ ਦੁਆਰਾ ਰਚਿਤ ਸਾਹਿਤਿਕ ਰਚਨਾਵਾਂ ਨੂੰ 'ਗੁਰਮਤਿ ਸਾਹਿਤ' ਵਜੋਂ ਜਾਣਿਆ ਜਾਂਦਾ ਹੈ। ਇਸ ਸਾਹਿਤ ਰੂਪੀ ਤਸਵੀਰ ਦੀ ਰੂਪ ਰੇਖਾ ਗੁਰੂ ਨਾਨਕ ਦੇਵ ਜੀ ਸਨ, ਮੰਝਲਾ ਰੂਪ ਗੁਰੂ ਅਰਜਨ ਦੇਵ ਜੀ ਸਨ ਅਤੇ ਇਸ ਨੂੰ ਸੰਪੂਰਨ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਸਨ। ਦਸਮੇਸ਼ ਗੁਰੂ ਸਾਹਿਬ ਦੀ ਗੁਰਮਤਿ ਸਾਹਿਤ ਨੂੰ ਦੇਣ, ਆਪਣੀ ਮਿਸਾਲ ਆਪ ਹੈ। ਸਾਹਿਤ ਰੂਪੀ ਇਸ ਅਨੁਪਮ ਤਸਵੀਰ ਨੂੰ ਗੁਰੂ ਸਾਹਿਬਾਨ ਨਾਲੋਂ ਨਿਖੇੜਿਆ ਨਹੀਂ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਜਾ ਸਕਦਾ।ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ, ਗੁਰੂ ਸਾਹਿਬਾਨ ਦੁਆਰਾ ਰਚਿਆ ਗਿਆ ਸਾਹਿਤ 'ਅਨੇਕ ਰੂਪਾਂ ਵਿੱਚ ਏਕਤਾ' ਦਾ ਪ੍ਰਤੀਕ ਹੈ:

ਭਿੰਨ ਭਿੰਨ ਸਬਹੂੰ ਕਰ ਜਾਨਾ।

ਏਕ ਰੂਪ ਕਿਨਹੂੰ ਪਹਿਚਾਨਾ।

ਜਿਨ ਜਾਨਾ ਤਿਨ ਹੀ ਸਿਧ ਪਾਈ।

ਬਿਨ ਸਮਝੇ ਸਿਧ ਹਾਥ ਨ ਆਈ।[6]

(ਗੁਰੂ ਗੋਬਿੰਦ ਸਿੰਘ)

*ਦਸਮ ਗ੍ਰੰਥ* ਦੀਆਂ ਬਾਣੀਆਂ ਦੀ ਤਰਤੀਬ ਵਿੱਚ, ਗੁਰੂ ਗੋਬਿੰਦ ਸਿੰਘ ਦੀਆਂ ਰਚਨਾਵਾਂ ਵਿੱਚੋਂ *ਅਕਾਲ ਉਸਤਤਿ* ਤੋਂ ਬਾਅਦ *ਬਚਿੱਤਰ ਨਾਟਕ* ਦਾ ਵਰਨਣ ਹੈ।ਇਸ ਵਿੱਚ ਗੁਰੂ ਸਾਹਿਬ ਦੇ ਭੌਤਿਕ ਜੀਵਨ ਦੀ ਝਲਕ ਦ੍ਰਿਸ਼ਟੀਮਾਨ ਹੁੰਦੀ ਹੈ। ਇਸ ਰਚਨਾ ਦੇ ਸਿਰਲੇਖ ਤੋਂ ਨਾਟਕੀ ਰਚਨਾ ਹੋਣ ਦਾ ਭੁਲੇਖਾ ਪੈਂਦਾ ਹੈ ਪਰ ਸ਼ਾਸ਼ਤਰੀ ਪੱਖ ਤੋਂ ਇਹ ਨਾਟਕੀ ਕਿਰਤ ਨਹੀਂ ਹੈ।ਭਾਵੇਂ ਗੁਰੂ ਸਾਹਿਬ ਨੇ *ਅਕਾਲ-ਪੁਰਖ ਬਾਚ*, *ਕਬਿ-ਬਾਚ* ਆਦਿ ਸਿਰਲੇਖਾਂ ਹੇਠ ਸੰਵਾਦਾਂ ਨੂੰ ਨਾਟਕੀ ਰੂਪ ਦਿੱਤਾ ਹੈ ਪਰ ਨਾਟਕੀ ਨਾ ਹੁੰਦੇ ਹੋਏ ਇਹ ਰਚਨਾ ਵਚਿਤ੍ਰ ਜ਼ਰੂਰ ਹੈ। ਵਿਸ਼ੇ ਪੱਖੋਂ ਇਹ ਵਚਿਤ੍ਰ ਇਸ ਲਈ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਇਸ ਵਿੱਚ ਲੋਕ ਅਤੇ ਪਰਲੋਕ ਦੀਆਂ ਘਟਨਾਵਾਂ ਨੂੰ ਇੱਕੋ ਥਾਂ ਇੱਕਠਾ ਕਰ ਦਿੱਤਾ ਹੈ ਅਤੇ ਸ਼ੈਲੀ ਦੇ ਪੱਖ ਤੋਂ ਜੁਗਾਂ ਜੁਗਾਂਤਰਾਂ ਦੀ ਲੰਬੀ ਕਹਾਣੀ ਨੂੰ, ਨਿੱਕੇ ਜਿਹੇ ਚਿਤਰਪਟ ਤੇ ਬੜੇ ਕਮਾਲ ਰੂਪ ਵਿੱਚ ਪੇਸ਼ ਕੀਤਾ ਹੈ।[7] ਇਸ ਪ੍ਰਸੰਗ ਵਿੱਚ ਭਾਈ ਕਾਹਨ ਸਿੰਘ ਨਾਭਾ *ਮਹਾਨ ਕੋਸ਼* ਵਿੱਚ ਇੰਝ ਲਿਖਦੇ ਹਨ:

*ਵਿਚਿਤ੍ਰ ਨਾਟਕ, ਦਸਮ ਗ੍ਰੰਥ ਦਾ ਉਹ ਭਾਗ ਹੈ ਜਿਸ ਵਿੱਚ 24 ਅਵਤਾਰਾਂ ਦੀ ਕਥਾ ਅਤੇ ਅਨੇਕ ਇਤਿਹਾਸਕ ਪ੍ਰਸੰਗ ਨਾਟਕ ਦੀ ਰੀਤ ਦੇ ਅਨੁਸਾਰ ਲਿਖੇ ਗਏ ਹਨ। ਇਹ 14 ਅਧਿਆਏ ਦਾ ਇੱਕ ਖ਼ਾਸ ਗ੍ਰੰਥ ਹੈ, ਜੋ ਦਸਮ-ਗ੍ਰੰਥ ਵਿੱਚ ਦੇਖੀਦਾ ਹੈ। ਇਸ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਕੁਝ ਹਾਲ ਹੈ।*[8]

ਉੱਘੇ ਵਿਦਵਾਨ ਅਤੇ ਇਤਿਹਾਸਕਾਰ ਸੁਰਜੀਤ ਹਾਂਸ ਨੇ ਆਪਣੀ ਕ੍ਰਿਤ *A Reconstruction of Sikh History From Sikh Literature* ਵਿੱਚ *ਬਚਿੱਤਰ ਨਾਟਕ* ਦਾ ਬੜੀ ਬਾਰੀਕੀ ਨਾਲ ਅਧਿਐਨ ਕੀਤਾ ਹੈ।ਇਸ ਸੰਬੰਧ ਵਿੱਚ ਉਹ ਲਿਖਦੇ ਹਨ ਕਿ ਇਹ ਇੱਕ ਵਿਲੱਖਣ ਇਤਿਹਾਸਕ ਸ੍ਰੋਤ ਹੈ ਜੋ ਕਿ ਬੇਸ਼ਕੀਮਤੀ ਹੈ।ਇਹ ਸਵੈਸਮਝ ਇੱਕ ਅਜਿਹਾ ਦਰਪਣ ਹੈ ਜੋ ਸਿੱਖਾਂ ਨੂੰ ਇਹ ਝਲਕ ਦਿਖਾਉਂਦਾ ਹੈ ਕਿ ਉਹ ਕੀ ਹਨ ਅਤੇ ਭਵਿੱਖ ਵਿੱਚ ਕੀ ਕਰਨ ਜਾ ਰਹੇ ਹਨ? ਇਸ ਲਿਖਤ ਦਾ ਇਤਿਹਾਸਕ ਮਹੱਤਵ ਇਹ ਵੀ ਹੈ ਕਿ ਇਹ ਸਿੱਖਾਂ ਬਾਰੇ ਗਿਆਨਪੂਰਵਕ ਜਾਣਕਾਰੀ ਪ੍ਰਦਾਨ ਕਰਦਾ ਹੈ। ਵਿਦਵਾਨ ਲੋਕ *ਬਚਿੱਤਰ ਨਾਟਕ* ਵਿੱਚੋਂ ਗੁਰੂ ਗੋਬਿੰਦ ਸਿੰਘ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਅਸਲ ਵਿੱਚ, ਗੁਰੂ ਗੋਬਿੰਦ ਸਿੰਘ ਦਾ ਜੀਵਨ ਅਤੇ ਮਿਸ਼ਨ, ਜਿਸ ਬਾਰੇ *ਬਚਿੱਤਰ ਨਾਟਕ* ਵਿੱਚ ਜ਼ਿਕਰ ਕੀਤਾ ਗਿਆਂ ਹੈ, ਇਸ ਕ੍ਰਿਤ ਨੂੰ ਅਰਥ-ਭਰਪੂਰ ਬਣਾਉਂਦਾ ਹੈ।[9]

*ਬਚਿੱਤਰ ਨਾਟਕ* ਦੀ ਰਚਨਾ ਕਦੋਂ ਹੋਈ? ਇਸ ਸਵਾਲ ਦਾ ਜਵਾਬ ਦਿੰਦੇ ਹੋਏ ਸੁਰਜੀਤ ਹਾਂਸ ਨੇ ਲਿਖਿਆ ਹੈ ਕਿ ਇਸ ਦੀ ਰਚਨਾ, ਗੁਰੂ ਗੋਬਿੰਦ ਸਿੰਘ ਦੇ ਮੁਗਲ ਫੌਜਦਾਰਾਂ (ਫੌਜਦਾਰ- ਮੁਗ਼ਲ ਪ੍ਰਸ਼ਾਸ਼ਨ ਵਿੱਚ ਸਰਕਾਰ ਜਾਂ ਜ਼ਿਲ੍ਹੇ ਦਾ ਮੁਖੀ) ਨਾਲ ਹੋਏ ਯੁੱਧਾਂ ਤੋਂ ਪਹਿਲਾਂ ਹੋਈ ਜਦਕਿ *ਜ਼ਫ਼ਰਨਾਮਾ* ਇਹਨਾਂ ਘਟਨਾਵਾਂ ਤੋਂ ਬਾਅਦ ਲਿਖਿਆ ਗਿਆ।[10] ਇਸ ਪ੍ਰਸੰਗ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ *ਬਚਿੱਤਰ ਨਾਟਕ* 1696 ਈ. ਵਿੱਚ ਰਚਿਆ ਗਿਆ ਅਤੇ ਇਸ ਵਿੱਚ 1696 ਈ. ਦੇ ਆਸਪਾਸ ਦੀਆਂ ਘਟਨਾਵਾਂ ਦਾ ਵਰਣਨ ਕੀਤਾ ਗਿਆ ਹੈ।[11]

*ਬਚਿੱਤਰ ਨਾਟਕ* ਵਿੱਚ 471 ਛੰਦ ਹਨ। ਚੌਦਾਂ ਅਧਿਆਵਾਂ ਦੀ ਇਹ ਬਹੁਤ ਲੰਬੀ ਰਚਨਾ ਹੈ। ਪਹਿਲਾ ਅਧਿਆਇ , ਜਿਸ ਵਿੱਚ ਕਾਲ ਨੂੰ ਮਹਾਂਬਲੀ ਦੱਸਿਆ ਗਿਆ ਹੈ, ਵਿੱਚ 101 ਛੰਦ ਹਨ, ਅਤੇ ਇਹ ਸਭ ਤੋਂ ਵੱਡਾ ਅਧਿਆਇ ਹੈ। ਸੱਤਵੇਂ ਅਧਿਆਇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਜਨਮ ਕਥਾ ਦਾ ਵਰਣਨ ਹੈ ਅਤੇ ਤਿੰਨਾਂ ਛੰਦਾਂ ਵਾਲਾ ਇਹ ਅਧਿਆਇ ਸਭ ਤੋਂ ਛੋਟਾ ਹੈ। ਇਸ ਰਚਨਾ ਨੂੰ ਜੇ ਇਤਿਹਾਸਕ ਨਜ਼ਰੀਏ ਤੋਂ ਦੇਖੀਏ ਤਾਂ ਪਤਾ ਚਲਦਾ ਹੈ ਕਿ ਇਸ ਦੇ ਆਦਿ ਅਤੇ ਅੰਤ ਨੂੰ ਕਾਲ ਤੇ ਅਕਾਲ ਦੇ ਸਰਬਘਾਇਕ ਅਤੇ ਸੰਤ ਰੱਖਿਅਕ ਰੂਪ ਨੂੰ ਕਲਾਮਈ ਵਿਧੀ ਨਾਲ ਜੋੜ ਕੇ ਵਿਸਮਾਦਮਈ ਸਿਰਜਨਾ ਕੀਤੀ ਗਈ ਹੈ। [12] *ਬਚਿੱਤਰ ਨਾਟਕ* ਦੀ ਭਾਸ਼ਾ ਮੁੱਖ ਰੂਪ ਵਿੱਚ ਤਾਂ ਬ੍ਰਜ ਹੈ ਪਰ ਕਿਤੇ ਕਿਤੇ ਅਵੱਧੀ ਸ਼ਬਦਾਂ ਦੀ ਵਰਤੋਂ ਵੀ ਕੀਤੀ ਗਈ ਹੈ ਹਿੰਦੀ ਸਾਹਿਤ ਵਿੱਚ ਵੀ ਇਹ ਕ੍ਰਿਤ ਆਤਮ-ਕਥਾ ਦੀ ਸ਼ੈਲੀ ਦੀ ਅੱਦੁਤੀ ਉਦਾਹਰਨ ਹੈ। ਭਾਸ਼ਾ ਤੋਂ ਇਲਾਵਾ,ਜੇਕਰ ਛੰਦਾਂ ਦੀ ਗੱਲ ਕੀਤੀ ਜਾਵੇ ਤਾਂ *ਬਚਿੱਤਰ ਨਾਟਕ* ਵਿੱਚ ਭੁਜੰਗ-ਪ੍ਰਯਾਤ, ਰਸਾਵਲ , ਨਰਾਜ , ਤੋਟਕ , ਸਵੱਯਾ, ਚੌਪਈ, ਦੋਹਿਰਾ , ਛਪੈ , ਅੜਿਲ, ਤ੍ਰਿਭੰਗੀ, ਭੁਜੰਗ , ਮੁਧਭਾਰ , ਪਾਧੜੀ . ਚਾਰਣੀ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਪਰ ਭੁਜੰਗ-ਪ੍ਰਯਾਤ, ਰਸਾਵਲ , ਦੋਹਿਰਾ , ਚੌਪਈ ਦਾ ਪ੍ਰਯੋਗ ਜ਼ਿਆਦਾ ਕੀਤਾ ਗਿਆ ਹੈ [13] ਇਸ ਕਾਵਿ ਰੂਪੀ ਰਚਨਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਬੀਰ ਰਸ ਲੋੜ ਅਨੁਸਾਰ ਰੌਦਰ ਅਤੇ ਅਦਭੁਤ ਰਸ ਦੀ ਵਰਤੋਂ ਵੀ ਕੀਤੀ ਗਈ ਹੈ। ਅਜਿਹਾ ਸ਼ਾਇਦ ਇਸ ਲਈ ਕੀਤਾ ਗਿਆ ਹੈ ਕਿਉਂਕਿ *ਬਚਿੱਤਰ ਨਾਟਕ* ਵਿੱਚ ਜੀਵਨ, ਸੰਘਰਸ਼ ਰੂਪ ਵਿੱਚ ਪੇਸ਼ ਕੀਤਾ ਗਿਆ ਹੈ।[14]

J.S Grewal and S.S Bal ਨੇ *Guru Gobind Singh* ਨਾਮੀ ਕ੍ਰਿਤ ਵਿੱਚ ਲਿਖਿਆ ਹੈ ਕਿ *ਬਚਿੱਤਰ ਨਾਟਕ* ਵਿੱਚ ਗੁਰੂ ਗੋਬਿੰਦ ਸਿੰਘ ਦੀ ਝਲਕ ਸੰਸਾਰਿਕ ਅਤੇ ਅਧਿਆਤਮਕ ਦੋਵਾਂ ਰੂਪਾਂ ਵਿੱਚ ਦਿਖਾਈ ਦੇਦੀਂ ਹੈ।[15] ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ *ਬਚਿੱਤਰ ਨਾਟਕ* ਇੱਕ ਉੱਤਮ ਕਲਾ ਕ੍ਰਿਤ ਹੈ ਅਤੇ ਇਸ ਵਿੱਚ ਅਧਿਆਤਮਕ ਅਤੇ ਰਾਜਨੀਤੀ ਭਾਵਨਾ ਅਤੇ ਵਿਚਾਰ ਅਤੇ ਕਾਵਿ ਤੇ ਇਤਿਹਾਸ ਦਾ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸੁੰਦਰ ਸੁਮੇਲ ਰੂਪਮਾਨ ਕੀਤਾ ਗਿਆ ਹੈ। ਇਸ ਦੀ ਹਰਮਨ ਪਿਆਰਤਾ ਦਾ ਇੱਥੋਂ ਹੈ ਕਿ ਅੱਜ ਵੀ ਸਿੱਖ ਜਗਤ ਵਿੱਚ ਅਜਿਹਾ ਕੋਈ ਉਤਸਵ ਨਹੀਂ ਹੁੰਦਾ ਜਿਸ ਵਿੱਚ 'ਬੱਚਿਤਰ ਨਾਟਕ' ਦੀਆਂ ਤੁਕਾਂ ਦੀ ਵਰਤੋਂ ਕੀਤੀ ਨਾ ਕੀਤੀ ਜਾਂਦੀ ਹੋਵੇ।[16]

III

*ਬਚਿੱਤਰ ਨਾਟਕ* ਬਾਰੇ ਤਾਂ ਵਿਦਵਾਨਾਂ ਅਤੇ ਇਤਿਹਾਸਕਾਰਾਂ ਨੇ ਵਿਸ਼ਾਲ ਰੂਪ ਵਿੱਚ ਲਿਖਿਆ ਹੈ ਅਤੇ ਇਸ ਮਹੱਤਵਪੂਰਨ ਇਤਿਹਾਸਕ ਸ੍ਰੋਤ ਦਾ ਬਾਰੀਕੀ ਨਾਲ ਅਧਿਐਨ ਕੀਤਾ ਹੈ । ਪਰ ਇਸ ਵਿੱਚ ਗੁਰੂ ਤੇਗ ਬਹਾਦਰ ਅਤੇ ਉਹਨਾਂ ਦੀ ਸ਼ਹਾਦਤ ਦੇ ਵਿਸ਼ੇ ਨੂੰ ਬਹੁਤ ਘੱਟ ਛੋਹਿਆ ਗਿਆ ਹੈ। ਕੁਝ ਕੁ ਵਿਦਵਾਨਾਂ ਜਿਵੇਂ ਕਿ ਸੁਰਜੀਤ ਹਾਂਸ , ਜੇ ਐੱਸ ਗਰੇਵਾਲ , ਹਰਬੰਸ ਸਿੰਘ ਆਦਿ ਦੀਆਂ ਲਿਖਤਾਂ ਵਿੱਚ ਉਪਰੋਕਤ ਵਿਸ਼ੇ ਬਾਰੇ ਬਹੁਤ ਸੰਖੇਪ ਵਿੱਚ ਵਰਣਨ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਅੱਤਿਆਚਾਰਾ ਦੇ ਖਿਲਾਫ, ਧਰਮਾਂ ਦੀ, ਵਿਸ਼ੇਸ਼ ਤੌਰ ਤੇ ਹਿੰਦੂ ਧਰਮ ਦੀ ਸੁਤੰਤਰਤਾ ਅਤੇ ਮਨੁੱਖੀ ਅਧਿਕਾਰਾਂ ਲਈ ਇੱਕ ਵੰਗਾਰ ਸੀ। ਇਹ ਕਲਜੁਗ ਵਿੱਚ ਇਕ ਵੱਡਾ *ਸਾਕਾ* (ਇਹ ਫਾਰਸੀ ਦਾ ਮੂਲ ਸ਼ਬਦ ਹੈ ਜਿਸ ਦਾ ਅਰਥ ਹੈ ਕੋਈ ਐਸਾ ਕਰਮ ਜੋ ਇਤਿਹਾਸ ਵਿੱਚ ਪ੍ਰਸਿੱਧ ਰਹਿਣ ਲਾਇਕ ਹੋਵੇ, ਹਵਾਲਾ *ਮਹਾਨ ਕੋਸ਼* - ਭਾਈ ਕਾਹਨ ਸਿੰਘ ਨਾਭਾ ) ਸੀ ।[17] ਗੁਰੂ ਸਾਹਿਬ ਦੀ ਇਸ ਲਾਸਾਨੀ ਸ਼ਹਾਦਤ ਬਾਰੇ *ਬਚਿੱਤਰ ਨਾਟਕ* ਵਿੱਚ , ਗੁਰੂ ਗੋਬਿੰਦ ਸਿੰਘ ਦੁਆਰਾ ਬੜੇ ਭਾਵਪੂਰਨ ਤਰੀਕੇ ਨਾਲ ਵਰਣਨ ਕੀਤਾ ਗਿਆ ਹੈ। ਅਸਲ ਵਿੱਚ ਦਸਵੇਂ ਗੁਰੂ ਸਾਹਿਬ ਇਸ ਸਮੁੱਚੇ ਘਟਨਾਕ੍ਰਮ ( ਦਿੱਲੀ ਨੂੰ ਛੱਡ ਕੇ) ਦੇ ਗਵਾਹ ਸਨ। ਆਪਣੇ ਗੁਰੂ ਪਿਤਾ ਨੂੰ ਬਲਿਦਾਨ ਲਈ ਪ੍ਰੇਰਨਾ , ਦਿੱਲੀ ਵੱਲ ਰਵਾਨਾ ਕਰਨਾ , ਭਾਈ ਜੈਤਾ (ਬਾਅਦ ਵਿੱਚ ਭਾਈ ਜੀਵਨ ਸਿੰਘ ਜੀ) ਕੋਲੋਂ ਸ਼ਹੀਦੀ ਦੀ ਵਿਥਿਆ ਨੂੰ ਜਾਣਨਾ ਅਤੇ ਗੁਰੂ ਪਿਤਾ ਦਾ ਸੀਸ ਲੈ ਕੇ ਅਦਬ ਸਾਹਿਤ ਅਗਨ ਭੇਟ ਕਰਨਾ , ਕੋਈ ਸਧਾਰਨ ਵਾਰਤਾ ਨਹੀਂ ਹੈ। ਇਹ ਤਾਂ ਕੌਮੀ ਇਤਿਹਾਸ ਦੀ ਇਕ ਐਸੀ ਮਹਾਨ ਘਟਨਾ ਹੈ ਜਿਸ ਦਾ ਪ੍ਰਭਾਵ ਸਮੁੱਚੇ ਵਿਸ਼ਵ ਤੇ ਪਿਆ ਅਤੇ ਅੱਜ ਵੀ ਹੈ। ਇਹ ਸ਼ਹਾਦਤ ਅਤੇ ਇਸ ਨਾਲ ਜੁੜੇ ਮਹਾਨ ਸ਼ਹੀਦਾਂ - ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਕੁਰਬਾਨੀ ਸਦਾ ਅਮਰ ਹੈ।

*ਬਚਿੱਤਰ ਨਾਟਕ* ਦੇ ਪੰਜਵੇਂ, ਛੇਵੇਂ ਅਤੇ ਸੱਤਵੇਂ ਅਧਿਆਇ ਵਿੱਚ ਕ੍ਰਮਵਾਰ ਨੌਂ ਪਾਤਸ਼ਾਹੀਆਂ (ਗੁਰੂ ਸਾਹਿਬਾਨ) ਦਾ ਵੇਰਵਾ , ਦਸਵੇਂ ਗੁਰੂ ਦੇ ਪੂਰਬਲੇ ਜਨਮ ਅਤੇ ਬਾਅਦ ਦੇ ਜਨਮ ਦੀ ਕਥਾ ਬਾਰੇ ਵਰਣਨ ਹੈ।ਇਹਨਾਂ ਤੋਂ ਹੀ ਗੁਰੂ ਤੇਗ ਬਹਾਦਰ ਅਤੇ ਉਹਨਾਂ ਦੀ ਸ਼ਹਾਦਤ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ।[19] ਇਸ ਸੰਦਰਭ ਵਿੱਚ ਸੁਰਜੀਤ ਹਾਂਸ ਨੇ ਆਪਣਾ ਵਿਚਾਰ ਦਿੰਦਿਆਂ ਹੋਇਆਂ ਲਿਖਿਆ ਹੈ ਕਿ *ਬੱਚਿਤਰ ਨਾਟਕ* ਸਿੱਖ ਧਰਮ ਵਿੱਚ ਇੱਕ ਅਜਿਹਾ ਸਾਹਿਤਕ ਰੂਪ ਹੈ, ਜਿਸ ਵਿੱਚ ਸਮਕਾਲੀ ਸਰਕਾਰ ਦੇ ਜ਼ੁਲਮਾਂ ਦੇ ਖ਼ਿਲਾਫ ਸਿੱਖਾਂ ਦੇ ਸੰਘਰਸ਼ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ।ਇਹ ਸਿੱਕੇ ਦੇ ਦੋ ਪਾਸਿਆਂ ਦੀ ਤਰ੍ਹਾਂ ਹੈ-ਇੱਕ ਪਾਸੇ ਤਾਂ ਅੱਤਿਆਚਾਰਾਂ ਦਾ ਟਾਕਰਾ ਕਰਨਾ ਅਤੇ ਦੂਸਰੇ ਪਾਸੇ ਇਸ ਸੰਘਰਸ਼ ਦੀ ਦੈਵੀ ਪ੍ਰਵਾਨਗੀ ਹੈ। ਇਸ ਤਰ੍ਹਾਂ ਸਿੱਖ ਪੰਥ ਦੀ ਵਿਆਖਿਆ ਦੇ ਇਤਿਹਾਸ ਵਿੱਚ ਦੈਵੀ ਰੂਪ ਵਿਦਮਾਨ ਹੁੰਦਾ ਹੈ।[20] ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ *ਬਚਿੱਤਰ ਨਾਟਕ* ਵਿੱਚ ਉਲੇਖ ਬਾਰੇ ਅਧਿਐਨ ਕਰਦਿਆਂ ਸੁਰਜੀਤ ਹਾਂਸ ਲਿਖਦੇ ਹਨ ਕਿ ਇਸ ਵਿੱਚ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਮਹੱਤਵ ਬੜੇ ਖ਼ੂਬਸੂਰਤ ਤਰੀਕੇ ਨਾਲ ਰੇਖਾਂਕਿਤ ਕੀਤਾ ਗਿਆ ਹੈ।ਗੁਰੂ ਨਾਨਕ ਦੇਵ ਨੂੰ ਸਮਰਪਿਤ ਤੁਕਾਂ ਤੋਂ ਜ਼ਿਆਦਾ ਤੁਕਾਂ (Verses) ਗੁਰੂ ਤੇਗ ਬਹਾਦਰ ਨੂੰ ਸਮਰਪਿਤ ਹਨ। ਇਸ ਪ੍ਰਕਾਰ ਇਹ ਸ਼ਹਾਦਤ, ਗੁਰੂ ਤੇਗ ਬਹਾਦਰ ਦੇ ਉੱਤਰਾਧਿਕਾਰੀ (ਗੁਰਗੱਦੀ ਦੇ ਵਾਰਿਸ) ਦੀ ਉਚਿਤ ਚੋਣ ਨੂੰ ਵੀ ਦਰਸਾਉਂਦੀ ਹੈ।[21] ਪ੍ਰਸਿੱਧ ਇਤਿਹਾਸਕਾਰ ਜੇ.ਐੱਸ ਗਰੇਵਾਲ ਦੇ ਮੁਤਾਬਿਕ *ਬਚਿੱਤਰ ਨਾਟਕ* ਤੋਂ ਪਤਾ ਚਲਦਾ ਹੈ ਕਿ ਗੁਰੂ ਗੋਬਿੰਦ ਸਿੰਘ ਆਪਣੇ ਗੁਰੂ ਪਿਤਾ ਦੀ ਵਚਨਬੱਧਤਾ ਅਤੇ ਹੌਂਸਲੇ ਤੋਂ ਬਹੁਤ ਪ੍ਰਭਾਵਿਤ ਸਨ।[22] ਗੁਰੂ ਸਾਹਿਬ ਨੇ ਆਪਣੀਆਂ ਭਾਵਨਾਵਾਂ ਇਸ ਪ੍ਰਕਾਰ ਪ੍ਰਗਟ ਕੀਤੀਆਂ ਹਨ:

ਧਰਮ ਹੇਤ ਸਾਕਾ ਜਿਨਿ ਕੀਆ

ਸੀਸ ਦੀਆ ਪਰ ਸਿਰਰੁ ਨ ਦੀਆ।।[23]

(*ਬਚਿੱਤਰ ਨਾਟਕ*)

ਗੁਰੁ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਭਾਵੇਂ 17ਵੀਂ ਸਦੀ ਦੀ ਘਟਨਾ ਹੈ ਪਰ ਅਜੋਕੇ ਸਮੇਂ ਵਿੱਚ, ਗੁਰੂ ਗੋਬਿੰਦ ਸਿੰਘ ਜੀ ਵੱਲੋਂ ਇਸ ਵਿਲੱਖਣ ਵਾਕਿਆ ਸੰਬੰਧੀ ਵਰਣਨ ਨੂੰ ਗਹੁ ਨਾਲ ਵਾਚਣਾ ਅਤੇ ਸਮਝਣਾ ਬਹੁਤ ਜ਼ਰੂਰੀ ਹੈ। ਇਹ ਸਥਾਈ ਸ਼ਾਂਤੀ ਅਤੇ ਸਮੂਹਿਕ ਵਿਕਾਸ ਅਤੇ ਵਿਗਾਸ ਲਈ ਅਤਿ ਲਾਹੇਵੰਦ ਹੈ।[24]

*ਬਚਿੱਤਰ ਨਾਟਕ* ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੁਆਰਾ ਸ਼ਹਾਦਤ ਦਾ ਜਾਮ ਪੀਣ ਲਈ ਦਿੱਲੀ ਜਾਣ ਦਾ ਦ੍ਰਿਸ਼ ਅਤੇ ਸ਼ਹੀਦੀ ਦੇਣ ਦੀ ਘਟਨਾ ਨੂੰ ਬੜੇ ਦਲੇਰੀ ਭਰੇ ਲਹਿਜੇ ਵਿੱਚ ਇੰਝ ਬਿਆਨ ਕੀਤਾ ਗਿਆ ਹੈ:

ਠੀਕਰ ਫੋਰਿ ਦਿਲੀਸ ਸਿਰਿ

ਪ੍ਰਭ ਪੁਰਿ ਕੀਯਾ ਪਯਾਨ।।

ਤੇਗ ਬਹਾਦਰ ਸੀ ਕ੍ਰਿਆ

ਕਰੀ ਨ ਕਿਨਹੂੰ ਆਨ।।[25]

(*ਬਚਿੱਤਰ ਨਾਟਕ*)


© Copyright @ Authors

 ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਉਪਰੋਕਤ ਤੁਕਾਂ ਦਾ ਅਰਥ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸਰੀਰ ਰੂਪੀ 'ਠੀਕਰਾ'(ਠੀਕਰਾ ਦਾ ਸ਼ਾਬਦਿਕ ਅਰਥ ਹੈ – ਮਿੱਟੀ ਦੇ ਭਾਂਡੇ ਦਾ ਟੁਕੜਾ) ਦਿੱਲੀ ਦੇ ਸਮਕਾਲੀ ਹੁਕਮਰਾਨ ਔਰੰਗਜ਼ੇਬ ਦੇ ਸਿਰ (ਦਿਲੀਸ ਸਿਰ) ਭੰਨਿਆ ਅਤੇ ਪਰਮਾਤਮਾ ਦੇ ਦੇਸ ਨੂੰ ਪਯਾਨਾ (ਜਾਣਾ) ਕੀਤਾ । ਇਸ ਲਾਸਾਨੀ ਸ਼ਹਾਦਤ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਇਸ ਤਰ੍ਹਾਂ ਦੀ ਕਰਨੀ ਅੱਜ ਤੱਕ ਕਿਸੇ ਨੇ ਨਹੀਂ ਕੀਤੀ। ਇਸ ਸ਼ਹਾਦਤ ਸਦਕਾ ਸਮੁੱਚੇ ਵਿਸ਼ਵ ਵਿੱਚ ਤਾਂ ਹਾਹਾਕਾਰ ਮੱਚ ਗਈ ਪਰ ਦੇਵ ਲੋਕ (ਸੁਰ ਲੋਕ) ਵਿੱਚ ਜੈ ਜੈ ਕਾਰ ਹੋ ਗਈ।[26] ਇਸ ਸੰਬੰਧ ਵਿੱਚ ਗੁਰੂ ਗੋਬਿੰਦ ਸਿੰਘ ਨੇ ਇਸ ਪ੍ਰਕਾਰ ਜਿਕਰ ਕੀਤਾ ਹੈ:

ਤੇਗ ਬਹਾਦਰ ਕੇ ਚਲਤ

ਭਯੋ ਜਗਤ ਕੋ ਸੋਕ॥

ਹੈ ਹੈ ਸਭ ਜਗ ਭਯੋ

ਜੈ ਜੈ ਸੁਰ ਲੋਕ॥[27]

(*ਬਚਿੱਤਰ ਨਾਟਕ*)

ਜੇ *ਬਚਿੱਤਰ ਨਾਟਕ* ਵਿਚਲੀ ਤੁਕ 'ਤੇਗ ਬਹਾਦਰ ਸੀ ਕ੍ਰਿਆਂ' ਨੂੰ ਵਿਚਾਰਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਜਿੱਥੇ ਗੁਰੂ ਨਾਨਕ ਸਾਹਿਬ ਨੇ ਜਨੇਊ ਪਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ ਅਤੇ ਜਤ ਸਤ ਦਾ ਜਨੇਊ ਪਹਿਨਾਉਣ ਲਈ ਇੱਛਾ ਪ੍ਰਗਟ ਕੀਤੀ ਸੀ, ਉੱਥੇ ਗੁਰੂ ਤੇਗ ਬਹਾਦਰ ਸਾਹਿਬ ਨੇ ਤਿਲਕ ਅਤੇ ਜੰਞੂ ਦੀ ਰੱਖਿਆ ਕਰਨੀ ਆਪਣੀ ਜ਼ਿੰਮੇਵਾਰੀ ਸਮਝੀ ਅਤੇ ਇਸ ਦੀ ਖਾਤਰ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। ਇਸ ਤੋਂ ਭਾਵ ਕਿ ਧਰਮ ਦਾ ਸਤਿਕਾਰ ਦੋਨਾਂ ਗੁਰੂ ਸਾਹਿਬਾਨ ਨੇ ਕੀਤਾ ਅਤੇ ਇਹ ਗੁਰੂ ਸਾਹਿਬਾਨ ਦੀ ਸਰਵਵਿਆਪੀ ਸੋਚ ਦਾ ਪ੍ਰਤੀਕ ਹੈ।[28] ਇਹ ਦਾ ਪ੍ਰਮਾਣ ਬੱਚਿਤਰ ਨਾਟਕ ਵਿੱਚ ਇੰਝ ਮਿਲਦਾ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ।।

ਕੀਨੋ ਬਡੋ ਕਲੂ ਮਹਿ ਸਾਕਾ ।।

ਸਾਧਨ ਹੇਤਿ ਇਤੀ ਜਿਨਿ ਕਰੀ।।

ਸਸਿ ਦੀਆਂ ਪਰੁ ਸੀ ਨ ਉਚਰੀ।।

(*ਬਚਿੱਤਰ ਨਾਟਕ* )[29]

ਸੋ *ਬਚਿੱਤਰ ਨਾਟਕ* ਵਿੱਚ ਨੌਵੇਂ ਗੁਰੂ ਸਾਹਿਬ ਦੀ ਅਦੁੱਤੀ ਕੁਰਬਾਨੀ ਦਾ ਜ਼ਿਕਰ ਆਪਣੀ ਮਿਸਾਲ ਆਪ ਹੈ।

IV

ਸੰਸਾਰ ਵਿੱਚ ਆਪਣੇ ਆਦਰਸ਼ਾਂ ਉੱਤੇ ਦ੍ਰਿੜ ਰਹਿੰਦੇ ਹੋਏ ਸ਼ਹੀਦ ਹੋਣ ਦੀਆਂ ਮਿਸਾਲਾਂ ਤਾਂ ਕਈ ਦੇਸ਼ਾਂ ਤੇ ਕਈ ਕੌਮਾਂ ਦੇ ਇਤਿਹਾਸ ਵਿੱਚ ਮਿਲ ਜਾਂਦੀਆਂ ਹਨ ਪਰ ਸਮੁੱਚੀ ਮਨੁੱਖਤਾ ਦੇ ਧਰਮ ਵਿਸ਼ਵਾਸ ਅਤੇ ਆਜ਼ਾਦੀ ਲਈ ਬਲਿਦਾਨ ਦੇਣਾ ਇੱਕ ਮਹਾਨ ਕਾਰਜ ਹੈ ਜੋ ਗੁਰੂ ਤੇਗ ਬਹਾਦਰ ਜੀ ਨੇ ਹੀ ਕਰ ਦਿਖਾਇਆ।[30]

*ਬਚਿੱਤਰ ਨਾਟਕ* ਵਿੱਚ ਗੁਰੂ ਗੋਬਿੰਦ ਸਿੰਘ ਦੁਆਰਾ ਵਰਣਿਤ ਗੁਰੂ ਪਿਤਾ ਦੀ ਸ਼ਹੀਦੀ ਸੰਬੰਧੀ ਤੱਤ ਸਾਰ, ਜੇਕਰ ਇਤਿਹਾਸਕ ਤੌਰ ਤੇ ਵਿਚਾਰੀਏ ਤਾਂ ਗਿਆਤ ਹੁੰਦਾ ਹੈ ਕਿ ਇਹ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ – ਇਤਿਹਾਸ ਸੰਬੰਧੀ ਬਹੁਤ ਪ੍ਰਮਾਣਿਕ ਵੇਰਵੇ ਹਨ। ਸੱਚੇ ਧਰਮ ਅਤੇ ਧਰਮੀ ਦੀ ਪਰਿਭਾਸ਼ਾ ਇਹਨਾਂ ਵੇਰਵਿਆਂ ਵਿੱਚੋਂ ਦ੍ਰਿਸ਼ਟੀਗੋਚਰ ਹੁੰਦੀ ਹੈ।[31]

ਉਪਰੋਕਤ ਜਾਣਕਾਰੀ ਪੂਰੇ ਤੌਰ ਤੇ *ਬਚਿੱਤਰ ਨਾਟਕ* ਤੇ ਆਧਾਰਿਤ ਹੈ। ਇਸ ਸ੍ਰੋਤ ਦਾ ਇਇਹਾਸਕ ਅਧਿਐਨ ਕਰਦਿਆ ਇਕ ਵਿਚਾਰ ਮਨ ਵਿੱਚ ਜਰੂਰ ਆਉਂਦਾ ਹੈ ਕਿ ਜੇਕਰ ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਬਾਣੀ ਨੂੰ ਅਣਥੱਕ ਮਿਹਨਤ ਕਰਕੇ, ਵਿਚਾਰਿਆ ਜਾਵੇ ਤਾਂ ਬਹੁਤ ਸਾਰੇ ਨਵੇ ਇਤਿਹਾਸਕ ਤੱਥ ਸਾਹਮਣੇ ਆਉਣਗੇ ਉਦਹਾਰਣ ਦੇ ਤੌਰ ਤੇ, ਸੁਰਜੀਤ ਹਾਂਸ ਨੇ *ਜ਼ਫਰਨਾਮਾ* ਦਾ ਇਤਿਹਾਸਕ ਵਿਸ਼ਲੇਸ਼ਣ ਕਰਦਿਆ ਲਿਖਿਆ ਹੈ ਕਿ ਸੰਭਵ ਹੈ ਕਿ ਇਸ ਲਿਖਤ ਵਿੱਚ ਗੁਰੂ ਤੇਗ ਬਹਾਦਰ ਬਾਰੇ ਪ੍ਰਮਾਣ ਮਿਲਦੇ ਹੋਣ। *ਜ਼ਫਰਨਾਮਾ* ਇੱਕ ਤੁਕ ਦਾ ਅਰਥ ਕਰਦਿਆਂ ਹੋਇਆ ਲਿਖਿਆ ਹੈ ਕਿ ਸ਼ਾਇਦ ਇਹ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਬਾਰੇ ਜਿਕਰ ਹੋਵੇ।[32]

ਅੰਤ ਵਿੱਚ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਉਪਰੋਕਤ ਵਰਣਿਤ ਵਿਸ਼ੇ ਤੇ ਗਹਿਰੀ ਖੋਜ ਕਰਨੀ ਜਰੂਰੀ ਹੈ।

## ਹਵਾਲੇ ਅਤੇ ਟਿੱਪਣੀਆਂ

1. Maroc Blech, *The Historian's Craft*, Vintage Books, New Yark, 1953, P. 194.
2. W.H. Mclead, *Historical Dictionary of Sikhism*, Oxford Univesity Press, New Delhi, 1995, P.201


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in


3. ਉਹੀ, ਪੰਨਾ 201
4. ਉਹੀ, ਪੰਨਾ 46
5. Surinderjit Singh (Translator), *Daulat Rai on Sahibe Kamal Guru Gobind Singh*, Gurmat Sahit Charitable Trust, Bazar Mai Sewan, Amritsar, 2014 (First Edition 1988), P. 173
6. ਲ਼ਾਲ ਸਿੰਘ (ਸੰਪਾਦਕ), *ਚੋਣਵੀਂ ਬਾਣੀ ਦਸਮ ਗ੍ਰੰਥ*, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, 1987, ਪੰਨਾ 63
7. ਉਹੀ ਪੰਨਾ 45
8. ਭਾਈ ਕਾਹਨ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨਕੋਸ਼*, ( ਸੱਤਵੀਂ ਐਡੀਸ਼ਨ), ਭਾਸ਼ਾ ਵਿਭਾਗ, ਚੰਡੀਗੜ੍ਹ, 2006, ਪੰਨਾ 1098
9. Surjit Hans, *A Reconstruction of  Sikh History From Sikh Literature*, Madaan Publications, Punjabi Universtiy, Patiala, 2005, PP. 216-217
10. ਉਹੀ ਪੰਨਾ, 217
11. *Bachittar Natak* (Wikipedia), Accessed on 24-12-2025
12. ਲਾਲ ਸਿੰਘ, ਚੋਣਵੀਂ ਬਾਣੀ (ਦਸਮ ਗ੍ਰੰਥ), ਪੰਨੇ 44-46
13. ਉਹੀ, ਪੰਨਾ 48
14. ਉਹੀ, ਪੰਨੇ 44 ਅਤੇ 46
15. J.S Grewal & S.S Bal, *Guru Gobind Singh*, Punjab University, Chandigarh, 1967, P. 70 For Details, See The PP. 71-72, 86-87 and 138
16. ਲਾਲ ਸਿੰਘ, *ਚੋਣਵੀਂ ਬਾਣੀ (ਦਸਮ ਗ੍ਰੰਥ)*, ਪੰਨਾ 48
17. ਪਿਰਥੀ ਸਿੰਘ (ਸੰਪਾਦਕ), *ਗੁਰੂ ਤੇਗ ਬਹਾਦਰ ਸੀ ਕ੍ਰਿਆ*, ਵਿਰਸਾ ਪਬਲੀਕੇਸ਼ਨਜ (ਸਿੱਖ ਬੁੱਕ ਟਰਸੱਟ ਇੰਟਰਨੈਸ਼ਨਲ), ਗੁਰੂ ਗੋਬਿੰਦ ਸਿੰਘ ਸੱਟਡੀ ਸਰਕਲ, ਲੁਧਿਆਣਾ, 2025, ਪੰਨੇ 40 ਅਤੇ 80
18. ਉਹੀ, ਪੰਨੇ 40-41
19. ਲਾਲ ਸਿੰਘ, *ਚੋਣਵੀਂ ਬਾਣੀ ( ਦਸਮ-ਗ੍ਰੰਥ)*, ਪੰਨਾ 44
20. Surjit Hans, *A Recenstruction of Sikh History from Sikh Literaure*, P.214
21. ਉਹੀ ਪੰਨਾ, 214
22. J.S Grewal, “The Prophet Of Assurane”, *From Guru Nanak to Maharaja Ranjit Singh*, (2nd ed.), GNDU, Amritsar, 1982, P.69
23. Verses of “ Bachittar Natak” in *Amrit Kirtan*, Bahi Chatar Singh Jiwan Singh, Bazar Mai Sewan, Amritsar, P.276
24. ਅਵੀਨਿੰਦਰਪਾਲ ਸਿੰਘ, “ਧਰਮ ਹੇਤ ਸਾਕਾ ਜਿਨਿ ਕੀਆ”, *ਗੁਰੂ ਤੇਗ ਬਹਾਦਰ ਸੀ ਕ੍ਰਿਆ* ,ਪਿਰਥੀ ਸਿੰਘ ( ਸੰਪਾਦਕ), ਸਿੱਖ ਬੁੱਕ ਟਰੱਸਟ ਇੰਟਰਨੈਸ਼ਨਲ, ਗੁਰੂ ਗੋਬਿੰਦ ਸਿੰਘ ਸੱਟਡੀ ਸਰਕਲ, ਲੁਧਿਆਣਾ , 2025, ਪੰਨਾ 79
25. Verses of Bachittar Natak in *Amrit Kirtan*. P.276
26. ਇੰਦਰਜੀਤ ਸਿੰਘ ਗੋਗੋਆਣੀ, “ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ”, *ਗੁਰੂ ਤੇਗ ਬਹਾਦਰ ਸੀ ਕ੍ਰਿਆ*, ਪਿਰਥੀ ਸਿੰਘ ( ਸੰਪਾਦਕ), ਪੰਨਾ 41
27. ਹਰਭਜਨ ਸਿੰਘ (ਸੰਪਾਦਕ), ਬੱਚਿਤਰ ਨਾਟਕ, S.G.P.C, ਅੰਮ੍ਰਿਤਸਰ, 2006, ਪੰਨਾ 54
28. ਇੰਦਰਜੀਤ ਸਿੰਘ ਗੋਗੋਆਣੀ, “ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ”, *ਗੁਰੂ ਤੇਗ ਬਹਾਦਰ ਸੀ ਕ੍ਰਿਆ*, ਪਿਰਥੀ ਸਿੰਘ ( ਸੰਪਾਦਕ), ਪੰਨਾ 41
29. ਹਰਭਜਨ ਸਿੰਘ (ਸੰਪਾਦਕ), ਬੱਚਿਤਰ ਨਾਟਕ, S.G.P.C, ਅੰਮ੍ਰਿਤਸਰ, 2006, ਪੰਨਾ 54
30. ਗੁਰਦੀਪ ਕੌਰ, “ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਬਾਣੀ ਵਿੱਚੋ ਸੰਤੁਲਿਤ ਸਖਸ਼ੀਅਤ ਦੀ ਘਾੜਤ ਲਈ ਦਿਸ਼ਾ ਸੇਧਾਂ”, *ਗੁਰੂ ਤੇਗ ਬਹਾਦਰ ਸੀ ਕ੍ਰਿਆ*, ਪਿਰਥੀ ਸਿੰਘ ( ਸੰਪਾਦਕ), ਪੰਨਾ 49



© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

31. ਇੰਦਰਜੀਤ ਸਿੰਘ ਗੋਗੋਆਣੀ, "ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ", *ਗੁਰੂ ਤੇਗ ਬਹਾਦਰ ਸੀ ਕ੍ਰਿਆ,* ਪਿਰਥੀ ਸਿੰਘ ( ਸੰਪਾਦਕ), ਪੰਨਾ 41
32. Surjit Hans, *A Reconstruction of Sikh History From Sikh Literature P.218:*
33. Quoted the Verse of *Zafarnama, Couplet 66*
34. ਮਜ਼ਨ ਤੇਗ ਬਰ ਖੂਨ– ਇ ਕਸ ਬੇਦਰੇਗ
35. ਤੁਰਾ ਨੀਜ਼ ਖੂੰ ਚਰਖ ਰੇਜ਼ਦ ਬਾ ਤੇਗ
36. For Details, see the PP. 217-219


© Copyright @ Authors